ਸਭ ਹੱਕ ਰਾਖਵੇਂ ਹਨ ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਹੁਣ ਤਕ ਮਿਲੀਆਂ ਵਿਚੋਂ ਸਭ ਤੋਂ

ਪੁਰਾਤਨ ਜਨਮ ਸਾਖੀ

ਸ੍ਰੀ ਗੁਰੂ ਨਾਨਕ ਦੇਵ ਜੀ

ਜੋ

ਵਲੈਤ ਪਹੁੰਚੇ ਨੁਸਖੇ, ਹਾਫਜ਼ਾਬਾਦੀ ਨੁਸਖੇ ਤੇ
ਪੱਥਰ ਦੇ ਛਾਪੇ ਵਾਲੇ ਪੁਰਾਣੇ ਨੁਸਖਿਆਂ ਨਾਲ
ਮੁਕਾਬਲਾ ਕਰਕੇ ਤੇ ਫੁਟ ਨੋਟ ਆਦਿਕ
ਦੇਕੇ ਸੰਪਾਦਿਤ ਕੀਤੀ ਗਈ ।

ਜੂਨ ੧੯੩੧ ਈ: ।

ਮਿਲਨ ਦਾ ਪਤਾ:–
ਮੈਨੇਜਰ–ਖਾਲਸਾ ਸਮਾਚਾਰ, ਹਾਲ ਬਜ਼ਾਰ,
ਸ੍ਰੀ ਅੰਮ੍ਰਿਤਸਰ ਜੀ

ਦੂਜੀ ਵੇਰ ੫੦੦ ।

All Rights Reserved.

ਮੋਲ ੧।)

ਸਰਬ ਹੱਕ ਰਾਖਵੇਂ ਹਨ।

ਫਕੀਰ ਹਿੰਦ ਪਰੈਸ ਅੰਮ੍ਰਿਤਸਰ ਵਿੱਚ ਸ: ਲਖਬੀਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਕੇ ਸੰਪਾਦਿਕ ਤੇ ਪਬਲਿਸ਼ਰ ਭਾਈ ਵੀਰ ਸਿੰਘ ਜੀ ਵੱਲੋਂ ਅੰਮ੍ਰਿਤਸਰੋਂ ਪਬਲਿਸ਼ ਹੋਈ।

All Rights Reserved.

੫੦੦ ਪਹਿਲੀ ਵਾਰ, ਫਰਵਰੀ ੧੯੨੭.
੫੦੦ ਦੂਜੀ ਵਾਰ, ਜੂਨ ੧੯੩੧.

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਇਸ ਜਨਮ ਸਾਖੀ ਦੀ ਵਿਥਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਵਿਥਿਆ ਨੂੰ ਜਨਮ ਸਾਖੀ ਆਖਦੇ ਹਨ ਕਦੋਂ ਪਹਿਲੀ ਜਨਮ ਸਾਖੀ ਲਿਖੀ ਗਈ, ਇਸਦਾ ਅਜੇ ਤੱਕ ਠੀਕ ਪਤਾ ਨਹੀਂ ਲਗਾ। ਬਾਲੇ ਵਾਲੀ ਸਾਖੀ ਵਿਚ ਉਸਦਾ ਲਿਖਿਆ ਜਾਣਾ ਪ੍ਰਾਚੀਨ ਦਸਿਆ ਹੈ, ਪਰ ਉਸਦਾ ਮੁਤਾਲਜ਼ਾ ਦਸ ਦੇਂਦਾ ਹੈ ਕਿ ਉਹ ਐਤਨੀ ਪੁਰਾਣੀ ਨਹੀਂ ਹੈ, ਉਹ ਤਾਂ ਦਸਮੇਂ ਸ਼ਤਿਗੁਰਾਂ ਦੇ ਸਮੇਂ ਦੇ ਅਖੀਰ ਯਾ ਰਤਾ ਮਗਰੋਂ ਦੀ ਜਾਪਦੀ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਜੋ ਬੜੀ ਪੁਰਾਣੀ ਸਮਝੀ ਜਾਵੇ ਤਾਂ ਦਸਮੇਂ ਪਾਤਸ਼ਾਹ ਦੇ ਸਮੇਂ ਤੋਂ ਪੁਰਾਣੀ ਨਹੀਂ ਹੋ ਸਕਦੀ।

ਇਹ ਜਨਮ ਸਾਖੀ ਜੋ ਆਪਦੇ ਹੱਥ ਵਿਚ ਹੈ, ਅਪਣੀ ਅੰਦਰਲੀ ਉਗਾਹੀ ਤੋਂ ਛੇਵੇਂ ਸ਼ਤਿਗੁਰਾਂ ਦੇ ਵੇਲੇ ਦੇ ਲਗ ਭਗ ਦੀ ਸਿਆਣਿਆਂ ਨੇ ਸਹੀ ਕੀਤੀ ਹੈ (ਦੇਖੋ ਸਫਾ ੨੪੪ ਦੀ ਹੇਠਲੀ ਟੂਕ ਨਿਸ਼ਾਨ ਵਾਲੀ)। ਪਰ ਅਗੇ ਚੱਲਕੇ ਅਸੀਂ ਦੱਸਾਂਗੇ ਕਿ ਇਸ ਸਾਖੀ ਵਿਚ ਬੀ ਦਸਮੇਂ ਪਾਤਸ਼ਾਹ ਦੇ ਸਮੇਂ ਜਾ ਪੈਣ ਦਾ ਇਕ ਇਸ਼ਾਰਾ ਮੌਜੂਦ ਹੈ। ਜੇ ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਸਾਖੀਆਂ ਲਿਖੀਆਂ ਗਈਆਂ ਸਨ, ਤਦ ਉਹਨਾਂ ਦਾ ਅਜੇ ਤਕ ਪਤਾ ਨਹੀਂ ਚਲਦਾ। ਇਹ ਪੁਰਾਤਣ ਰਵਾਜਤ ਹੈ ਅਰ ਸਾਰੀ ਕੌਮ ਵਿਚ ਪਰਵਿਰਤ ਹੈ ਕਿ ਅਸਲ ਜਨਮਸਾਖੀ ਨੂੰ ਹਿੰਦਾਲੀਆਂ ਨੇ ਵਿਗਾੜ ਕੇ ਸਾਖੀ ਲਿਖੀ ਤੇ ਉਸਦਾ ਨਾਉਂ ਬਾਲੇ ਵਾਲੀ ਸਾਖੀ ਹੀ ਪਰਵਿਰਤ ਕੀਤਾ। ਉਸ ਸਾਖੀ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਲਿਖਣ ਵਾਲੇ ਪਾਸ ਇਹ ਜਨਮ ਸਾਖੀ ਜਿਸਦੀ ਵਿਥਿਆ ਅਸੀਂ ਲਿਖ ਰਹੇ ਹਾਂ ਮੌਜੂਦ ਸੀ, ਕਿਉਂਕਿ ਮੌਜੂਦਾ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਸਾਖੀ ਦੇ ਛਿਕਰੇ ਸਤਰਾਂ ਮਿਲਦੀਆਂ ਹਨ, ਅਰ ਉੱਤ੍ਰੀ ਖੰਡ ਦੀ ਤੀਸਰੀ ਉਦਾਸੀ ਤਾਂ ਹੂਬਹੂ ਇਸੇ ਦੀ ਨਕਲ ਕਰਕੇ ਲਿਖੀ ਹੈ, ਸੋ ਹੋ ਸਕਦਾ ਹੈ ਕਿ ਅਸਲ ਜਨਮ ਸਾਖੀ ਇਹੋ ਹੋਵੇ। ਜਿਸਤੋਂ ਮੌਜੂਦਾ ਬਾਲੇ ਵਾਲੀ ਤੇ ਹੋਰ ਨਕਲਾਂ ਹੋਈਆਂ, ਪਰ ਮੁਮਕਿਨ ਹੈ ਕਿ ਇਸ ਤੋਂ ਪਹਿਲਾਂ ਕੋਈ ਹੋਰ ਜਨਮ ਸਾਖੀ ਬੀ ਹੋਵੇ ਜੋ ਇਸਦਾ ਬੀ ਮੂਲ ਹੋਵੇ,ਇਹ ਗਲ ਅਜੇ ਖੋਜ ਦੀ ਮੁਥਾਜ ਹੈ। ਬਾਲੇ ਵਾਲੀ ਜੋ ਪ੍ਰਸਿੱਧ ਹੈ ਸੋ ਇਸੇ ਨੂੰ ਵਿਗਾੜ ਕੇ ਯਾ ਜੇ ਕੋਈ ਹੋਰ ਬੀ ਸੀ—ਜੋ ਮਿਲਦੀ ਨਹੀਂ,—ਤਾਂ ਦੋਹਾਂ ਨੂੰ ਵਿਗਾੜਕੇ ਹਿੰਦਾਲੀਆਂ ਨੇ ਆਪਣਾ ਮਤਲਬ ਸਾਧਨ ਲਈ ਹਿੰਦਾਲ ਦੀ ਉਨ੍ਹਾਂ ਨਾਲ ਬ੍ਰਾਬਰੀ ਤੇ ਵਡਿਆਈ ਦੇ ਵਾਕ ਪਾਉਣ ਖਾਤਰ ਲਿਖੀ। ਇਹ ਗੱਲ ਬਾਬੇ ਹਿੰਦਾਲ ਦੀ ਅਪਣੀ ਜਨਮ ਸਾਖੀ ਪੜ੍ਹਿਆਂ ਸ਼ਹੀ ਹੋ ਜਾਂਦੀ ਹੈ।

ਇਸ ਜਨਮ ਸਾਖੀ ਦੀ ਜੋ ਆਪਦੇ ਹੱਥ ਵਿਚ ਹੈ ਮੁੜਕੇ ਪਰਵਿਰਤੀ ਇਸ ਤਰਾਂ ਹੋਈ ਕਿ ਕਾਲਬ੍ਰੂਕ ਨਾਮੇ ਇਕ ਅੰਗ੍ਰੇਜ ਨੂੰ ਇਸ ਦਾ ਇਕ ਪੁਰਾਤਣ ਨੁਸਖਾ ਹਥ ਆਇਆ, ਉਸਨੇ ਇਹੋ 'ਈਸਟ ਇੰਡੀਆ ਕੰਪਨੀ' ਨੂੰ ਦਿਤਾ ਜਿਨਾਂ ਨੇ ਇਸਨੂੰ

LAHORE

'ਇੰਡੀਆ ਆਫਿਸ ਲੰਡਨ' ਦੀ ਲਾਇਬ੍ਰੇਰੀ ਵਿਚ ਰਖਿਆ। ਸੰਨ ੧੮੮੩ ਈ: ਵਿਚ ਅੰਮ੍ਰਿਤਸਰ ਦੇ ਸਿਖਾਂ ਨੇ ਲਫਟੈਂਟ ਗਵਰਨਰ ਪਾਸ ਬਿਨੈ ਕੀਤੀ ਕਿ ਉਹਨਾਂ ਦੇ ਪੜ੍ਹਨ ਲਈ ਇਹ ਜਨਮ ਸਾਖੀ ਇੰਡੀਆ ਆਫਸ ਤੋਂ ਮੰਗਵਾ ਦਿਤੀ ਜਾਵੇ। ਸੋ 'ਮਿਸਟਰ ਰਾਸ' ਲਾਇਬ੍ਰੇਰੀਅਨ ਦੀ ਕਿਰਪਾ ਨਾਲ ਇਹ ਸਾਖੀ ਉਸੇ ਸਾਲ ਦੀ ਸਾਉਣੀ ਰੁਤੇ ਪੰਜਾਬ ਵਿਚ ਘੱਲੀ ਗਈ, ਤਾਂ ਜੋ ਲਾਹੌਰ ਤੇ ਅੰਮ੍ਰਿਤਸਰ ਵਿਚ ਪੜਤਾਲ ਹੋ ਸਕੇ* ।

ਲਫਟੈਂਟ ਗਵਰਨਰ ਪਾਸ ਸਿੱਖਾਂ ਵਲੋਂ ਇਸਦੀ ਫੋਟੋ ਲੈਣ ਦੀ ਇਛਾ ਪ੍ਰਗਟ ਹੋਣ ਤੇ ਇਸ ਸਾਖੀ ਦੀ ਸਰਕਾਰੀ ਤੌਰ ਤੇ ਫੋਟੋ ਲੈਕੇ ਕੁਛ ਕਾਪੀਆਂ ਫੋਟੋ ਜ਼ਿੰਕੋਗ੍ਰਾਫੀ ਦੇ ਤਰੀਕੇ ਤੇ ਛਾਪੀਆਂ ਗਈਆਂ, ਤੇ 'ਸਰ ਚਾਰਲਸ ਐਚਿਸਨ ਲਫਟੈਂਟ ਗਵਰਨਰ ਪੰਜਾਬ' ਨੇ ਚੋਣਵੇਂ ਥਾਈਂ ਇਹ ਸੁਗਾਤ ਦਿਤੀਆਂ। ਥੋੜੇ ਹੀ ਚਿਰ ਪਿਛੋਂ ਸਿੰਘ ਸਭਾ ਲਾਹੌਰ ਨੇ ਪੱਥਰ ਦੇ ਛਾਪੇ ਵਿਚ ਉਤਾਰਾ ਛਪਵਾਇਆ। ਇਸਨੂੰ ਲੋਕੀਂ ਵਲੈਤ ਵਾਲੀ ਜਨਮ ਸਾਖੀ ਆਖਣ ਲਗ ਪਏ।

੧੮੮੫ ਵਿਚ ਲਿਖੇ ਦੀਬਾਚੇ ਵਿਚ ਭਾਈ ਗੁਰਮੁਖ ਸਿੰਘ ਜੀ ਦਸਦੇ ਹਨ ਕਿ ਪਿਛਲੇ ਸਾਲ ਅਪਨੇ ਦੌਰੇ ਵਿਚ ਉਨਾਂ ਨੂੰ ਇਕ ਜਨਮ ਸਾਖੀ ਹਾਫ਼ਜ਼ਾਬਾਦ ਵਿਚ ਹੱਥ ਆਈ, ਜਿਸ ਨੂੰ ਪੜਤਾਲ ਕਰਨ ਤੇ ਉਹ ਵਲੈਤ ਵਾਲੀ ਦੇ ਨਾਲ ਦੀ ਹੀ ਸਾਬਤ ਹੋਈ, ਕੇਵਲ ਕਿਤੇ ਕਿਤੇ ਅੱਖਰਾਂ, ਪਦਾਂ ਯਾ ਫਿਕਰਿਆਂ ਦਾ ਕਛ ਕਛ ਫਰਕ ਸੀ, ਇਸਦਾ ਨਾਮ ਓਹਨਾਂ ਨੇ 'ਹਾਫਜ਼ਾਬਾਦ ਵਾਲੀ ਸਾਖੀ' ਠਹਿਰਾਯਾ। ਇਹ ਨੁਸਖਾ ਮਾਲੂਮ ਹੁੰਦਾ ਹੈ ਕਿ 'ਮਿਸਟਰ ਮੈਕਾਲਿਫ' ਪਾਸ ਪੁਜਾ। ਉਨ੍ਹਾਂ ਨੇ ਇਸ ਨੂੰ ਆਪਣੇ ਖਰਚ ਤੇ ਗੁਰਮਖੀ ਅੱਖਰਾਂ ਵਿਚ ਛਪਵਾਯਾ, ਵਿਰਾਮ ਆਪ ਲਗਾਏ, ਸ਼ਬਦ ਵਖਰੇ ਕਰਕੇ ਛਾਪੇ। ਇਸ ਦੀ ਭੂਮਕਾ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ ਔਰੀਐਂਟਲ ਕਾਲਜ ਨੇ ਲਿਖੀ ਤੇ ਇਹ ਬੀ ਪੱਥਰ ਦੇ ਛਾਪੇ ਵਿਚ ੧੮੮੫ ਈ: ਸੰਮਤ ਵਿਚ ੧੫ ਨਵੰਬਰ ਨੂੰ ਛਪ ਗਈ ਇਸ ਉਤਾਰੇ ਨੂੰ ਲੋਕੀ 'ਮੈਕਾਲਫ ਵਾਲੀ ਜਨਮ ਸਾਖੀ' ਆਖਣ ਲਗ ਪਏ।

ਇਸਤੋਂ ਮਗਰੋਂ ਭਾਈ ਕਰਮ ਸਿੰਘ ਜੀ ਹਿਸਟੋਰੀਅਨ ਨੇ ੧੭੯੦ ਦਾ ਉਤਾਰਾ ਜੋ ਇਸੇ ਜਨਮਸਾਖੀ ਦਾ ਇਕ ਨੁਸਖਾ ਹੈ, ਤਸਵੀਰਾਂ ਬੀ ਇਸ ਵਿਚ ਸਨ, ਲਾਹੌਰ ਕਿਸੇ ਕਿਤਾਬ ਫਰੋਸ਼ ਕੋਲ ਡਿੱਠਾ ਸੀ, ਫਿਰ ਉਨ੍ਹਾਂ ਨੇ ਲਾਹੌਰ ਜਨਮ ਸਥਾਨ ਦੇ ਗੁਰਦੁਆਰੀਏ ਪਾਸ, ਫੇਰ ਫੀਰੋਜ਼ਪੁਰ ਵਿਚ ੧੭੮੭ ਦਾ ਲਿਖਿਆ ਇਕ ਨੁਸਖਾ ਡਿਠਾ ਸੀ, ਜਿਸ ਵਿਚ ਲਿਖਿਆ ਸੀ ਕਿ ੧੭੨੭ ਵਿਚ ਬੁਰਹਾਨ ਪੁਰ ਵਿਚ ਲਿਖੀ ਗਈ ਜਨਮ ਸਾਖੀ ਦਾ ਇਹ ਉਤਾਰਾ ਹੈ। ਇਕ ਕਾਪੀ ਓਹਨਾਂ ਸ਼ਿਕਾਰ ਪੁਰ ਵਿਚ ਲਿਖੀ ਹੋਈ ਹੈਦਰਾਬਾਦ ਦੇਖੀ ਸੀ, ਇਕ ਕਾਪੀ ਬਹਾਵਲ ਪੁਰ ਦੇ ਇਲਾਕੇ ਬੰਦਈਆਂ ਦੇ ਡੇਰੇ ਵੇਖੇ ਸੀ, ਬਰਦਵਾਨ ਦੀ ਲਿਖੀ ਹੋਈ ਇਕ ਕਾਪੀ ਸੰਮਤ ੧੮੧੪ ਦੀ ਮੁਲਕਰਾਜ ਭੱਲੇ ਨੇ ਵੇਖੀ ਸੀ।

---

*ਦੇਖੋ ਦੀਬਾਚਾ, ਜਨਮਸਾਖੀ ਫੋਟੋ ਹੋਈ ਹੋਈ ਦਾ, ੧੮੮੫।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.